# ਯਾਦਾਂ ਰਹਿ ਜਾਣੀਆਂ... ਅਪ੍ਰੈਲ 2020 ਤੋਂ ਭੁਲ ਜਾਓ ਇਹਨਾਂ 6 ਬੈਂਕਾਂ ਦੇ ਨਾਮ




ਨਵੀ ਦਿੱਲੀ/ ਮਵਦੀਲਾ ਬਿਓਰੋ

ਇਸ 1 ਅਪ੍ਰੈਲ 2020 ਤੋਂ 10 ਬੈਂਕਾਂ ਦਾ ਆਪਸ ਵਿੱਚ ਮਰਜ ਹੋ ਰਹੀਆਂ ਹਨ ਭਾਵ ਇੱਕ ਦੂਜੀ ਵਿੱਚ ਰਲ ਰਹੀਆਂ ਹਨ। ਜਿਸ ਕਾਰਨ ਦੇਸ਼ ਦੇ 6 ਸਰਕਾਰੀ ਬੈਂਕਾਂ ਦਾ ਨਾਮ ਤੇ ਪਹਿਚਾਣ ਸਦਾ ਵਾਸਤੇ ਖਤਮ ਹੋ ਜਾਵੇਗੀ।

ਨਵੇਂ ਵਿੱਤੀ ਵਰ੍ਹੇ ਯਾਨੀ ਕਿ 1 ਅਪ੍ਰੈਲ ਤੋਂ ਇਸ ਦੀ ਸ਼ੁਰੂਆਤ ਹੋ ਚੁੱਕੀ ਹੈ। ਉਹ ਬੈਕਾਂ ਜਿਸ ਦੀ ਸਿਰਫ ਯਾਦਾਂ ਹੀ ਰਹਿ ਜਾਣੀਆਂ ਹਨ ਉਹ ਇਹ ਛੇਂ ਬੈਂਕਾਂ ਹਨ:
1. ਓਰੀਐਂਟਲ ਬੈਂਕ ਆਫ ਕਾਮਰਸ 2. ਯੂਨਾਇਟੇਡ ਬੈਂਕ ਆਫ ਇੰਡੀਆ 3. ਆਂਧਰਾ ਬੈਂਕ 4. ਕਾਰਪੋਰੇਸ਼ਨ ਬੈਂਕ 5. ਇਲਾਹਾਬਾਦ ਬੈਂਕ 6. ਸਿੰਧੀਕੇਟ ਬੈਂਕ।

ਇਹ ਬੈਂਕਾਂ ਕਿਸ ਬੈਂਕ ਵਿੱਚ ਰਲਣਗੀਆਂ?
ਇਹ ਛੇਂ ਬੈਂਕਾਂ ਦੇਸ਼ ਦੀਆਂ ਹੋਰ 4 ਬੈਂਕਾਂ ਵਿਚ ਮਿਲਾ ਦਿੱਤੀਆਂ ਜਾਣਗੀਆਂ। ਜਿਵੇਂ ਕਿ
ਓਰੀਐਂਟਲ ਬੈਂਕ ਆਫ ਕਾਮਰਸ ਅਤੇ ਯੂਨਾਇਟੇਡ ਬੈਂਕ ਆਫ ਇੰਡੀਆ:
ਪੰਜਾਬ ਨੈਸ਼ਨਲ ਬੈਂਕ ਵਿਚ ਰਲੇਗੀ।
ਸਿੰਧੀਕੇਟ ਬੈਂਕ: ਕੇਨਰਾ ਬੈਂਕ ਵਿਚ ਰਲੇਗੀ।
ਆਂਧਰਾ ਬੈਂਕ ਅਤੇ ਕਾਰਪੋਰੇਸ਼ਨ ਬੈਂਕ: ਯੂਨੀਅਨ ਬੈਂਕ ਆਫ ਇੰਡੀਆ ਵਿਚ ਰਲੇਗੀ।
ਇਲਾਹਾਬਾਦ ਬੈਂਕ: ਇੰਡੀਅਨ ਬੈਂਕ ਵਿਚ ਰਲੇਗੀ।

ਬੈਂਕਾਂ ਦੇ ਇਸ ਰਲੇਵੇਂ ਤੋਂ ਬਾਅਦ ਤੁਹਾਨੂੰ ਇਕ ਨਵਾਂ ਖਾਤਾ ਨੰਬਰ ਅਤੇ ਕਸਟਮਰ ਆਈ ਡੀ ਮਿਲ ਸਕਦੀ ਹੈ। ਨਵੀਆਂ ਚੈਕਬੁੱਕ, ਅਠੰ, ਕਰੈਡਿਟ ਕਾਰਡ ਸਮੇਤ ਹੋਰ ਕਈ ਚੀਜ਼ਾਂ ਨਵੀਆਂ ਜਾਰੀ ਹੋ ਸਕਦੀਆਂ ਹਨ।ਪਰ ਇਹ ਸਭ ਹੁਣੇ ਤੋਂ ਹੀ ਲਾਗੂ ਨਹੀਂ ਹੋ ਜਾਵੇਗਾ। ਇਹ ਸਭ ਬੈਂਕਾਂ ਵੱਲੋਂ ਹੌਲੀ-ਹੌਲੀ ਲਾਗੂ ਕੀਤਾ ਜਾਵੇਗਾ।

ਇਸ ਸਮੇਂ ਜ਼ਰੂਰੀ ਹੈ ਕਿ ਤੁਹਾਡਾ ਈ-ਮੇਲ/ ਪਤਾ ਅਤੇ ਮੋਬਾਇਲ ਨੰਬਰ ਬੈਂਕ ਦੀ ਸ਼ਾਖ਼ਾ ਨਾਲ ਅਪਡੇਟ ਹੋਵੇ ਤਾਂ ਕਿ ਤੁਹਾਨੂੰ ਬੈਂਕ ਵੱਲੋਂ ਹੋਏ ਬਦਲਾਅ ਦੀ ਸੂਚਨਾ ਮਿਲਦੀ ਰਹੇ। ਇਹ ਸਭ ਰਲੇਵੇ ਤਹਿਤ ਸਾਰਾ ਕੁੱਝ ਹੀ ਲੀਡਰ ਬੈਂਕ ਦੀ ਨਿਗਰਾਨੀ ਹੇਠ ਹੋਵੇਗਾ।

ਇਸ ਰਲੇਵੇਂ ਤੋਂ ਬਾਅਦ ਛੋਟੀਆਂ-ਵੱਡੀਆਂ ਕੁੱਲ 12 ਬੈਂਕਾਂ ਹੀ ਰਹਿ ਜਾਣਗੀਆਂ ਜਿਨ੍ਹਾ ਵਿੱਚ ਸਰਕਾਰੀ ਖੇਤਰ 7 ਵੱਡੀਆਂ ਅਤੇ ਪੰਜ ਛੋਟੀਆਂ ਬੈਂਕਾਂ ਹੀ ਸੇਵਾ ਨਿਭਾਉਣਗੀਆਂ। ਜਿਕਰਯੋਗ ਹੈ ਕਿ ਸਾਲ 2017 ਤੱਕ ਦੇਸ਼ ਦੇ 27 ਬੈਂਕਾਂ ਸੀ ਜੋ ਕਿ ਮੋਜੈਦਾ ਸਮੇਂ ਇਹ ਗਿਣਤੀ 18 ਰਹਿ ਗਈ ਸੀ। ਐਤਕੀ 01 ਅਪ੍ਰੈਲ 2020 ਦੀ ਇਹ 18 ਤੋਂ ਘਟ ਕੇ 12 ਰਹਿ ਗਈ ਹੈ।

# ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲਿਆ ਦੀ ਅਗਵਾਈ ਵਿੱਚ ਪਿੰਡ ਦੇ ਨੌਜਵਾਨਾਂ ਨੇ ਅਵਾਰਾ ਤੇ ਬੇਸਹਾਰੇ ਪਸ਼ੂਆਂ ਲਈ ਹਰੇ ਚਾਰੇ ਦਾ ਕੀਤਾ ਪ੍ਰਬੰਧ



ਖੁਖਰਾਣਾ/ ਭਵਨਦੀਪ ਸਿੰਘ ਪੁਰਬਾ

ਪੂਰੇ ਵਿਸ਼ਵ ਵਿਚ ਕੋਰੋਨਾ ਵਾਈਰਸ ਦੇ ਕਹਿਰ ਕਾਰਣ ਹਾਹਾ-ਕਾਰ ਮੱਚੀ ਹੋਈ ਹੈ। ਪਰ ਸਮਾਜ ਸੇਵੀ ਤੇ ਧਰਮੀ ਲੋਕ ਇਸ ਸਮੇਂ ਵੀ ਸਮਾਜਿਕ ਫਰਜ ਨਿਭਾਉਦੇਂ ਹੋਏ ਰਾਹਤ ਕਾਰਜਾਂ ਵਿਚ ਜੁਟੇ ਹੋਏ ਹਨ। ਗਰੀਬ, ਦਿਹਾੜੀਦਾਰ ਅਤੇ ਰੋਜ ਕਮਾ ਕੇ ਖਾਣ ਵਾਲੇ ਲੋਕਾਂ ਦੀਆਂ ਮੁਸ਼ਕਿਲਾ ਨੂੰ ਧਿਆਨ ਵਿੱਚ ਰੱਖ ਕੇ ਉਹਨਾ ਤੱਕ ਰਾਸ਼ਨ, ਪਾਣੀ ਲੰਗਰ ਪਹੁੰਚਾ ਰਹੇ ਹਨ।

ਇਨ੍ਹਾ ਜਰੂਰਤਾ ਵਿਚੋਂ ਇਕ ਖਾਸ ਲੋੜ ਅਵਾਰਾ ਪਸ਼ੂਆਂ ਦੇ ਲਈ ਚਾਰੇ ਦੀ ਦਿੱਕਤ ਹੈ, ਜੋ ਆਮ ਲੋਕਾਂ ਨੇ ਅੱਖੋ-ਪਰੋਖੇ ਕੀਤੀ ਹੋਈ ਹੈ। ਇਸ ਲੋੜ ਨੂੰ ਮਹਿਸੂਸ ਕਰਦਿਆ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲਿਆ ਨੇ ਆਪਣੇ ਸੇਵਕਾਂ ਰਾਹੀਂ ਇਹ ਅਵਾਰਾ ਪਸ਼ੂਆ ਲਈ ਹਰਾ ਚਾਰਾ ਭੇਜਣ ਦੀ ਸੇਵਾ ਸ਼ੁਰੂ ਕੀਤੀ ਹੈ।

ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲਿਆ ਦੀ ਯੋਗ ਅਗਵਾਹੀ ਵਿੱਚ ਪਿੰਡ ਖੁਖਰਾਣਾ ਦੇ ਨੌਜਵਾਨਾਂ ਨੇ ਵੱਡਾ ਉਦਮ ਕਰਦੇ ਹੋਏ ਪਸ਼ੂਆਂ ਦੇ ਲਈ ਚਾਰੇ ਦੀ ਦਿੱਕਤ ਨੂੰ ਮਹਿਸੂਸ ਕਰਦਿਆ ਵੱਖ-ਵੱਖ ਜਗ੍ਹਾ ਤੇ ਹਰਾ ਚਾਰਾ ਭੇਜਿਆ ਜਾ ਰਿਹਾ ਹੈ। ਇਸ ਮਹਾਨ ਸੇਵਾ ਵਿੱਚ ਪੰਚਾਇਤ ਮੈਂਬਰ ਬੇਅੰਤ ਸਿੰਘ ਤੋਂ ਇਲਾਵਾ ਹੋਰ ਕਈ ਸਾਨੀ ਸੱਜਣਾ ਨੇ ਆਪਣੇ ਖੇਤਾਂ ਚੋ ਪੱਠੇ ਦਾਨ ਕਰਕੇ ਹਿੱਸਾ ਪਾਇਆ ਹੈ। ਇਹ ਸੇਵਾ ਪਿਛਲੇ ਕਈ ਦਿਨਾ ਤੋਂ ਨਿਰੰਤਰ ਚੱਲ ਰਹੀ ਹੈ।



ਬਾਬਾ ਰੇਸ਼ਮ ਸਿੰਘ ਖੁਖਰਾਣਾ ਵੱਲੋਂ ਸੰਗਤਾਂ ਨੂੰ ਅਪੀਲ ਕੀਤੀ ਗਈ। ਜਿਨਾਂ ਸੰਗਤਾਂ ਨੇ ਪੱਠਿਆਂ ਦੀ ਸੇਵਾ ਕਰਨੀ ਹੋਵੇ। ਸਾਡੇ ਗਰੁੱਪ ਦੇ ਸੇਵਾਦਾਰਾਂ ਨਾਲ ਮੋਬਾਇਲ ਨੰਬਰ 93071-00005 ਤੇ ਸੰਪਰਕ ਕਰਨ। ਸੇਵਾਦਾਰ ਆਪੇ ਪੱਠੇ ਵੱਢ ਕੇ ਲੈ ਜਾਣਗੇ। ਆਪ ਹੀ ਜਰੂਰਤ ਵਾਲੀ ਜਗਾ ਤੇ ਪਹੁੰਚਾਉਣਗੇ। ਕਰਫਿਓ ਤੱਕ ਸੇਵਾ ਜਾਰੀ ਰਹੇਗੀ। Stay Home Be Safe

Dukh Bhanjan Sewa Society, A/c 100111092229
IFSC Code INDB0001332, SWIFT CODE INDBINBB
Mob. 93071-00005

# ਸ੍ਰੀ ਹਜ਼ੂਰ ਸਾਹਿਬ 'ਚ ਫਸੇ ਸ਼ਰਧਾਲੂਆਂ ਦੀ ਘਰ ਵਾਪਸੀ ਨੂੰ ਲੈ ਕੇ ਸਨੀ ਦਿਓਲ ਨੇ ਗੰਭੀਰਤਾ ਨਾਲ ਲਿਆਂ ਐਕਸ਼ਨ

ਨਾਂਦੇੜ/ ਗੁਰਦਾਸਪੁਰ/ ਮਵਦੀਲਾ ਬਿਓਰੋ



ਗੁਰਰੁਦੁਆਰਾ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਫਸੇ ਪੰਜਾਬ ਦੇ ਕਰੀਬ 1800 ਸ਼ਰਧਾਲੂਆਂ ਨੂੰ ਘਰ ਵਾਪਿਸ ਘਰ ਪਹੁੰਚਾਉਣ ਲਈ ਗੁਰਦਾਸਪੁਰ ਤੋਂ ਸਾਂਸਦ ਮੈਂਬਰ ਸਨੀ ਦਿਓਲ ਨੇ ਨਾਂਦੇੜ ਦੇ ਸੰਸਦ ਮੈਂਬਰ ਨਾਲ ਗੱਲਬਾਤ ਕਰਨ ਤੋਂ ਬਾਅਦ ਉਨ੍ਹਾ ਸਰਧਾਲੂਆ ਨੂੰ ਘਰ ਵਾਪਿਸ ਘਰ ਪਹੁੰਚਾਉਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਜਿਕਰਯੋਗ ਹੈ ਕਿ ਭਾਰਤ ਵਿਚ ਕਰੋਨਾ ਵਾਇਰਸ ਦੇ ਵੱਧ ਰਹੇ ਪ੍ਰਭਾਵ ਦੇ ਕਾਰਨ ਕੇਂਦਰ ਸਰਕਾਰ ਨੇ 21 ਦਿਨਾਂ ਵਾਸਤੇ ਸਾਰਾ ਦੇਸ਼ ਲੌਕਡਾਊਨ ਕਰ ਦਿੱਤਾ ਸੀ। ਜਿਸ ਕਾਰਨ ਹਜਾਰਾ ਲੋਕ ਵੱਖ-ਵੱਖ ਥਾਵਾਂ ਤੇ ਫਸ ਗਏ ਸਨ। ਇਹ 1800 ਸਰਧਾਲੂ ਵੀ ਉਸੇ ਤਰ੍ਹਾ ਗੁਰਰੁਦੁਆਰਾ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਫਸ ਗਏ ਸਨ।

ਪੱਤਰਕਾਰਾਂ ਨਾਲ ਗੱਲ-ਬਾਤ ਕਰਦਿਆਂ ਭਾਜਪਾ ਦੇ ਜ਼ਿਲਾ ਪ੍ਰਧਾਨ ਪਰਮਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਜ਼ਿਲਾ ਗੁਰਦਾਸਪੁਰ ਸਮੇਤ ਪੰਜਾਬ ਦੇ ਕਈ ਹੋਰ ਜ਼ਿਲਿਆਂ ਦੇ ਕਰੀਬ 1800 ਲੋਕ ਜੋ ਕਰੋਨਾ ਵਾਇਰਸ ਦੇ ਕਾਰਨ ਲਗਾਏ ਅਚਾਨਕ ਲੌਕਡਾਊਨ ਵਿੱਚ ਫਸ ਗਏ ਸੀ ਉਨ੍ਹਾ ਦੇ ਇਸ ਮਾਮਲੇ ਨੂੰ ਗੁਰਦਾਸਪੁਰ ਤੋਂ ਸਾਂਸਦ ਮੈਂਬਰ ਸਨੀ ਦਿਓਲ ਦੇ ਧਿਆਨ ਵਿਚ ਲਿਆਦਾ ਗਿਆ ਤਾਂ ਉਨ੍ਹਾਂ ਨੇ ਇਸ ਮੁੱਦੇ ਤੇ ਗੰਭੀਰਤਾ ਨਾਲ ਫੈਸਲਾ ਲੈਂਦਿਆ ਨਾਦੇੜ ਦੇ ਸੰਸਦ ਮੈਂਬਰ ਪ੍ਰਤਾਪ ਰਾਓ ਪਾਟਿਲ ਚਿਖਲੀਕਰ ਨਾਲ ਗੱਲਬਾਤ ਕੀਤੀ। ਸਨੀ ਦਿਓਲ ਨੇ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਤੇ ਤੁਰੰਤ ਐਕਸ਼ਨ ਲੈਣ।

ਜਿਸ ਤੋਂ ਬਾਅਦ ਨਾਦੇੜ ਦੇ ਸੰਸਦ ਮੈਂਬਰ ਨੇ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਨੂੰ ਚਿੱਠੀ ਲਿਖ ਕੇ ਅਤੇ ਫੋਨ ਰਾਹੀਂ ਪੰਜਾਬ ਦੇ ਲੋਕਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰ ਪਹੁੰਚਾਉਣ ਦੀ ਗੱਲ ਕੀਤੀ ਹੈ। ਇਸ ਨਾਲ ਹੀ ਉਨ੍ਹਾਂ ਕਿਹਾ ਕਿ ਸਾਨੂੰ ਉਮੀਦ ਹੈ ਕਿ ਜਲਦ ਹੀ ਇਹ ਸਾਰੇ ਸ਼ਰਧਾਲੂਆਂ ਨੂੰ ਉਨ੍ਹਾਂ ਦੇ ਘਰਾਂ ਤੱਕ ਪਹੁੰਚਾ ਦਿੱਤਾ ਜਾਵੇਗਾ।

## ਨਿਰਭੈਆ ਜਬਰ ਜਨਾਹ ਮਾਮਲੇ ਦੇ ਚਾਰਾਂ ਦੋਸ਼ੀਆਂ ਨੂੰ ਦਿੱਤੀ ਗਈ ਫਾਂਸੀ

ਨਵੀਂ ਦਿੱਲੀ/ 20 ਮਾਰਚ 2020/ ਬਿਊਰੋ



ਨਿਰਭੈਆ ਜਬਰ ਜਨਾਹ ਮਾਮਲੇ ਦੇ ਚਾਰਾਂ ਦੋਸ਼ੀਆਂ ਨੂੰ ਸਵੇਰੇ ਸਾਢੇ ਪੰਜ ਵਜੇ ਇਕੱਠਿਆਂ ਫਾਂਸੀ 'ਤੇ ਲਟਕਾਇਆ ਗਿਆ। ਫਾਂਸੀ ਦੇਣ ਤੋਂ ਪਹਿਲਾਂ ਦੋਸ਼ੀਆਂ ਨੂੰ ਨਹਾਇਆ ਵੀ ਗਿਆ ਅਤੇ ਨਾਸ਼ਤਾ ਵੀ ਕਰਵਾਇਆ ਗਿਆ। ਜਿਕਰਯੋਗ ਹੈ ਕਿ ਦਸੰਬਰ 2012 ਨੂੰ ਛੇ ਦਰਿੰਦਿਆਂ ਨੇ ਨਿਰਭੈਆ ਨਾਲ ਜਬਰ ਜਨਾਹ ਕੀਤਾ ਸੀ। ਇਸ ਤੋਂ ਬਾਅਦ ਇਕ ਨੇ ਜੇਲ੍ਹ ਵਿਚ ਹੀ ਖ਼ੁਦਕੁਸ਼ੀ ਕਰ ਲਈ ਸੀ ਅਤੇ ਦੂਜਾ ਨਾਬਾਲਗ ਸੀ। ਇਸ ਲਈ ਤਿੰਨ ਸਾਲ ਬਾਅਦ ਉਸ ਛੱਡ ਦਿੱਤਾ ਗਿਆ ਸੀ।

ਇਹ ਚਾਰ ਦੋਸ਼ੀ ਮੁਕੇਸ਼, ਅਕਸ਼ੇ, ਵਿਨੇ ਅਤੇ ਪਵਨ ਆਪਣੀ ਮੌਤ ਤੋਂ 2 ਘੰਟੇ ਪਹਿਲਾਂ ਤੱਕ ਕਾਨੂੰਨ ਦੇ ਸਾਹਮਣੇ ਫਾਂਸੀ ਤੋਂ ਬਚਣ ਲਈ ਯਤਨ ਕਰਦੇ ਰਹੇ। ਅਖੀਰ ਵਿਚ ਇਨਸਾਫ ਦੀ ਜਿੱਤ ਹੋਈ ਹੈ। ਸਵੇਰੇ ਸਵਾ ਤਿੰਨ ਵਜੇ ਤੱਕ ਹਾਈਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਸੁਣਵਾਈ ਹੁੰਦੀ ਰਹੀ ਅਤੇ ਸਾਰੀਆਂ ਅਰਜ਼ੀਆਂ ਖਾਰਜ ਹੁੰਦੀਆਂ ਗਈਆਂ। ਨਿਰਭੈਆ ਜਬਰ ਜਨਾਹ ਦੇ ਮਾਮਲੇ ਵਿਚ ਆਖਰਕਾਰ ਨਿਆਂ ਦੀ ਜਿੱਤ ਹੋਈ ਹੈ।

# ਪਹਿਲਾ ਥਾਲੀ, ਤਾਲੀ ਤੇ ਘੰਟੀ ਦੀ ਗੂੰਜ ਅਤੇ ਹੁਣ ਦੀਏ, ਮੋਮਬੱਤੀ, ਟਾਰਚ ਤੇ ਮੋਬਾਈਲ ਦੀ ਰੋਸ਼ਨੀ?

ਨਵੀਂ ਦਿੱਲੀ/ 2 ਅਪ੍ਰੈਲ 2020/ ਬਿਓਰੋ



ਜਿਥੇਂ ਦੇਸ਼ ਵਿੱਚ ਇੱਕ ਪਾਸੇ ਕਰੋਨਾ ਦਾ ਕਹਿਰ ਜਾਰੀ ਹੈ ਲੋਕ ਘਾਤਕ ਨਵੇਂ ਕੋਰੋਨਾ ਵਾਇਰਸ ਨਾਲ ਜੰਗ ਜਾਰੀ ਹੈ। ਜਿਵੇਂ ਹੀ ਪਤਾ ਲੱਗਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਵਾਸੀਆਂ ਨੂੰ ਸੰਦੇਸ਼ ਦੇਣ ਜਾ ਰਹੇ ਹਨ ਤਾਂ ਲੋਕਾਂ ਚ ਇੱਕ ਵੱਡੀ ਉਮੀਦ ਜਾਗੀ ਕਿ ਉਹ ਲੋਕਾਂ ਲਈ ਕਿਸੇ ਵੱਡੇ ਰਾਹਿਤ ਪੈਕਿਜ ਦਾ ਐਲਾਨ ਕਰਨਗੇ। ਪਰ ਦੇਸ ਦੀ ਜਨਤਾ ਹੈਰਾਨ ਰਹਿ ਗਈ ਜਦ ਜਨਤਾ ਨੇ ਸੁਣਿਆ ਕਿ 5 ਅਪ੍ਰੈਲ ਨੂੰ ਰਾਤ 9 ਵਜੇ ਪੂਰਾ ਭਾਰਤ ਦੀਏ, ਮੋਮਬੱਤੀ, ਟਾਰਚ ਤੇ ਮੋਬਾਈਲ ਦੀ ਰੋਸ਼ਨੀ ਨਾਲ ਜਗਮਗਾਏਗਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆ ਨੂੰ ਸੰਬੋਧਨ ਕਰਦੇ ਹੋਏ, ਕੋਰੋਨਾ ਵਾਇਰਸ ਨਾਲ ਲੜਾਈ 'ਚ ਜਨਤਾ ਦੇ ਧੀਰਜ 'ਤੇ ਸੰਜਮ ਵਰਤਨ ਲਈ ਲੋਕਾਂ ਦਾ ਧੰਨਵਾਦ ਕੀਤਾ ਅਤੇ ਇਸ ਤੋਂ ਬਾਅਦ 5 ਅਪ੍ਰੈਲ ਨੂੰ ਰਾਤ 9 ਵਜੇ ਮੋਬਾਈਲ ਫਲੈਸ਼ਲਾਈਟ, ਮੋਮਬੱਤੀ, ਟਾਰਚ ਤੇ ਦੀਵੇ ਜਗਾਉਣ ਨੂੰ ਕਿਹਾ ਹੈ।



ਜਿਕਰਯੋਗ ਹੈ ਕਿ ਬੀਤੀ 22 ਮਾਰਚ 2020 ਨੂੰ ਜਨਤਾ ਕਰਫਿਊ ਦੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਹੇ ਅਨੁਸਾਰ ਪੰਜ ਵਜੇ ਥਾਲੀ, ਤਾਲੀ ਤੇ ਘੰਟੀ ਦੀ ਗੂੰਜ ਸੁਣਾਈ ਦਿੱਤੀ ਤੇ ਹੁਣ 5 ਅਪ੍ਰੈਲ ਨੂੰ ਰਾਤ 9 ਵਜੇ ਪੂਰੇ ਭਾਰਤ ਵਿੱਚ ਦੀਏ, ਮੋਮਬੱਤੀ, ਟਾਰਚ ਤੇ ਮੋਬਾਈਲ ਦੀ ਰੋਸ਼ਨੀ। ਇਹ ਸਭ ਕਿਸ ਲਈ ? ਪ੍ਰਕਾਸ਼ ਦਾ ਆਪਣਾ- ਆਪਣਾ, ਅਲੱਗ- ਅਲੱਗ ਮਹੱਤਵ ਹੈ। ਇਹ ਇਸ ਲਈ ਹੈ ਕਿ ਅਮਰੀਕਾ ਦੀ ਤਰਜ ਤੇ ਕੋਰੋਨਾ ਵਾਇਰਸ ਵਿਰੁੱਧ ਲੜਾਈ ਲੜ ਰਹੇ ਸਿਹਤਕਰਮੀ, ਪੁਲਿਸ ਅਤੇ ਪੱਤਰਕਾਰਾ ਦੀ ਹੋਸਲਾ ਅਫਜਾਈ ਲਈ ਉਨ੍ਹਾਂ ਨੂੰ ਫਲੈਸ਼ ਲਾਈਟ ਦੇਣੀ ਹੈ। ਅਮਰੀਕਾ ਦੇ ਬੇਵਰਲੀ ਹਿਲਸ 'ਚ 31 ਮਾਰਚ 2020 ਨੂੰ ਦੱਖਣੀ ਪੂਰਵੀ ਮਿਸ਼ਿਗਨ 'ਚ ਕੋਰੋਨਾ ਵਾਇਰਸ ਬਿਮਾਰੀ ਵਿਰੁੱਧ ਲੜਾਈ ਲੜ ਰਹੇ ਸਿਹਤਕਰਮੀ ਦੇ ਪ੍ਰਤੀ ਲੋਕਾਂ ਨੇ ਸਮਰਥਨ ਦਾ ਇਜ਼ਹਾਰ ਕੀਤਾ। ਇਸ ਲਈ ਸਪੋਰਟ ਦਿਖਾਉਂਦਿਆਂ ਲੋਕਾਂ ਨੇ ਆਪਣੇ ਘਰ ਦੇ ਬਾਹਰ ਕਰੀਬ ਸਥਿਤ ਹਸਪਤਾਲਾਂ ਵੱਲ ਫਲੈਸ਼ ਲਾਈਟਾ ਜਗਾਈਆ।

ਦੂਸਰਾ ਜਿਵੇਂ ਕਿ ਕਿਸੇ ਵੀ ਸੁਖਣਾ ਲਈ ਪੂਜਾ ਸਮੇਂ ਦੀਵੇਂ ਜਗਾਉਣ ਦਾ ਬਹੁਤ ਮਹੱਤਵ ਹੈ, ਕਈ ਧਰਮ ਮੋਮਬੱਤੀਆਂ ਜਗਾਉਂਦੇ ਹਨ। ਇਸੇ ਲਈ ਕੋਰੋਨਾ ਵਾਇਰਸ ਦੇ ਖਾਤਮੇ ਲਈ ਅਰਦਾਸ ਬੇਨਤੀ ਹੈ।

ਤੀਸ਼ਰਾ ਵਿਗਿਆਨਕ ਪੱਖ ਵੇਖੀਏ ਤਾਂ ਨੈਗੇਟਿਵ ਚੀਜ਼ਾਂ ਦੇ ਨਾਸ਼ ਕਰਨ ਰੋਸ਼ਨੀ ਦੀ ਅਹਿਮ ਭੂਮਿਕਾ ਹੈ। ਰੋਸ਼ਨੀ 'ਚ ਗਰਮੀ ਹੁੰਦੀ ਹੈ ਜੋ ਬੈਕਟਰੀਆ, ਵਾਇਰਸ ਆਦਿ ਨੂੰ ਨਸ਼ਟ ਕਰ ਦਿੰਦੀ ਹੈ।

# ਪੰਜਾਬੀਓ! ਹੁਸ਼ਿਆਰ! ਖ਼ਬਰਦਾਰ! ਹੋਵੋ ਸਮਝਦਾਰ!
## ਖਤਰਾ ਅਜੇ ਟਲੀਆ ਨਹੀਂ...



ਬੜਾ ਹੀ ਦੁੱਖ ਮਹਿਸੂਸ ਹੋਇਆ। ਜਦ ਖਬਰ ਸੁਣੀ ਕਿ ਕੋਰੋਨਾ ਦੇ ਕਾਰਣ ਪੰਜਾਬ 'ਚ ਮੌਤਾਂ ਹੋਰ ਹੋ ਰਹੀਆਂ। ਕੁਲ ਗਿਣਤੀ ਪੰਜ ਹੋ ਗਈ। ਮਰੀਜ਼ਾਂ ਦੀ ਗਿਣਤੀ 'ਚ ਵੀ ਵਾਧਾ ਹੋ ਰਿਹਾਂ ਹੈ। ਚੈਨ ਟੁੱਟੀ ਨਹੀਂ, ਵਧੀ ਹੈ। ਕਿਓਂ ਕਿ ਜੋ ਦੋ ਹੋਰ ਮੌਤਾਂ ਹੋਈਆਂ, ਉਹ ਵੀ ਕਿਸੇ ਨਾਂ ਕਿਸੇ ਦੇ ਸੰਪਰਕ 'ਚ ਰਹੇ ਹਨ। ਉਹਨਾਂ ਦੇ ਹਿਲਪਰ ਅੱਗੇ ਹੋਰਨਾਂ ਦੇ ਸੰਪਰਕ 'ਚ ਰਹੇ ਹਨ। ਇਸੇ ਤਰਾਂ ਲੜੀ ਅੱਗੇ ਦੀ ਅੱਗੇ ਚਲਦੀ ਜਾਂਦੀ ਹੈ।

ਇਸ ਤੋਂ ਵੀ ਜੋ ਚਿੰਤਾਜਨਕ ਗੱਲ ਇਹ ਹੈ। ਜੋ ਔਰਤ ਨੇ ਬੀਤੇ ਦਿਨੀ ਦਮ ਤੋੜਿਆ ਹੈ ਉਸ ਨੂੰ ਲੁਧਿਆਣੇ ਤੋਂ ਪਟਿਆਲੇ ਰੈਫ਼ਰ ਕੀਤਾ ਗਿਆ ਸੀ। ਉਸ ਦੀ ਰਸਤੇ ਵਿਚ ਮੌਤ ਹੋ ਗਈ। ਰੈਫਰ ਤਾਂ ਕੀਤਾ ਗਿਆ ਸੀ ਕਿ ਲੁਧਿਆਣੇ ਵੈਟੀਲੇਟਰ ਨਹੀਂ ਮਿਲਿਆ। ਇਹ ਗੱਲ ਪਟਿਆਲਾ ਦੇ ਸੀ.ਐਮ.ਓ. ਨੇ ਕਹੀ ਹੈ। ਜ਼ਰ੍ਹਾ ਸੋਚੋ! ਇਕ ਮਰੀਜ਼ ਦੇ ਲਈ ਵੈਟੀਲੇਟਰ ਨਹੀਂ ਮਿਲਿਆ। ਜੇ ਗਿਣਤੀ ਵੱਧ ਜਾਵੇ। ਫਿਰ ਸਭ ਭਗਵਾਨ ਭਰੋਸੇ ਹੀ ਹੈ। ਇਹ ਗੱਲ ਮੈਂ ਸ਼ੁਰੂਆਤ 'ਚ ਕਹਿ ਦਿੱਤੀ ਸੀ ਕਿ ਸੰਭਲ ਜੋ। ਇਟਲੀ ਵਰਗੇ ਸਿਹਤ ਸਹੂਲਤਾਂ ਪੱਖੋਂ ਸੰਸਾਰ ਦੇ ਦੂਜੇ ਨੰਬਰ ਦੇ ਦੇਸ਼ ਅਤੇ ਦੁਨੀਆਂ ਦੀ ਸੁਪਰ ਪਾਵਰ ਮੰਨੇ ਜਾਂਦੇ USA ਵਰਗੇ ਦੇਸ਼ ਅਤੇ USA ਦੇ ਅੱਗੇ ਵੀ ਛਾਤੀ ਤਾਣ ਕੇ ਖੜਨ ਵਾਲੇ ਇਰਾਨ ਵਰਗੇ ਮੁਲਖਾਂ 'ਚ ਚੀਕਾਂ ਵੱਜ ਰਹੀਆਂ ਹਨ। ਅੱਜ ਕੋਈ ਰਾਹ ਨਹੀਂ ਲੱਭ ਰਿਹਾ ਕਿ ਕੀ ਕਰੀਏ?

ਜਰਮਨੀ ਦੇ ਵਿੱਤ ਮੰਤਰੀ ਨੇ ਇਸੇ ਕਾਰਨ ਖ਼ੁਦਕੁਸ਼ੀ ਕਰ ਲਈ। ਸਪੇਨ ਦੀ ਰਾਜ ਕੁਮਾਰੀ ਦੀ ਮੌਤ ਕੋਰੋਨਾ ਕਰਕੇ ਹੋ ਗਈ।

ਸਾਡੀ ਸਰਕਾਰ ਕੋਲ ਕੋਈ ਖਾਸ਼ ਪ੍ਰਬੰਧ ਨਹੀਂ। ਇਸ ਦਾ ਇਕੋ ਹੱਲ ਹੈ ਪ੍ਰਹੇਜ। ਟਿੱਕ ਕੇ ਬੈਠ ਜਾਓ ਜੇ ਬਚਣਾ ਹੈ ਤਾਂ। ਸਾਡੇ ਅਨਪੜ੍ਹ ਤੇ ਕੁਝ ਕੁ ਮੂਰਖ ਲੋਕ ਕਹਿੰਦੇ ਨੇ ਸਾਨੂੰ ਕੁਝ ਨਹੀਂ ਹੁੰਦਾ। ਮੈਂ ਵੀ ਕਹਿੰਦਾਂ ਹਾਂ ਕੁਝ ਵੀ ਕਿਸੇ ਨੂੰ ਨਾਂ ਹੋਵੇ। ਪਰ ਸਾਨੂੰ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਜ਼ਰੂਰ ਪਾਲਣਾ ਕਰਨੀ ਚਾਹੀਦੀ ਹੈ। ਇਕ ਦੂਜੇ ਤੋਂ ਦੂਰੀ ਬਣਾਕੇ ਰੱਖਣੀ ਚਾਹੀਦੀ ਹੈ। ਬਿਨਾ ਮਤਲਬ ਤੋਂ ਬਾਹਰ ਨਹੀਂ ਘੁੰਮਣਾ ਚਾਹੀਦਾ।

ਆਪਣੇ ਆਪ ਤੇ ਆਪਣੇ ਪ੍ਰੀਵਾਰ ਨੂੰ ਸੇਫ਼ ਰੱਖਣਾ ਸਾਡੀ ਆਪਣੀ ਜ਼ੁੰਮੇਵਾਰੀ ਹੈ। ਅੱਗੇ ਰੱਬ ਰਾਖਾ।

ਸੰਗਤਾਂ ਦੇ ਸੇਵਾਦਾਰ
ਦਾਸ ਰੇਸ਼ਮ ਸਿੰਘ ਖੁਖਰਾਣਾ




# NRI ਵੀਰਾ ਬਾਬਤ ਪੰਜਾਬ ਵਿੱਚ ਵਸਦੇ ਵੀਰਾ ਨੂੰ ਅਪੀਲ

ਕੁਲਵਿੰਦਰ ਤਾਰੇਵਾਲਾ (ਸਹਿ-ਸੰਪਾਦਕ 'ਮਹਿਕ ਵਤਨ ਦੀ ਲਾਈਵ')



ਸੋਸਲ ਮੀਡੀਆ ਤੇ ਬਹੁਤ ਹੀ ਜ਼ੋਰ ਸ਼ੋਰ ਨਾਲ ਕੂੜ ਪ੍ਰਚਾਰ ਹੋ ਰਿਹਾ ਹੈ NRI ਭਰਾਵਾ ਦੀ ਬਾਬਤ। ਕਰੋਨਾ ਬਿਮਾਰੀ ਤਾਂ ਹਰ ਥਾਂ ਫੈਲ ਗਈ ਇਸ ਵਿੱਚ ਵਿਦੇਸ਼ੀਆਂ ਭਰਾਵਾ ਦਾ ਕੀ ਦੋਸ਼ ? ਬਹੁਤ ਛੇਤੀ ਭੁੱਲ ਗਏ ਇਹ ਉਹੀਂ NRI ਹਨ ਜਦੋਂ ਸੁਲਤਾਨਪੁਰ ਲੋਧੀ ਵੱਲ ਹੜ ਆਇਆ ਸੀ ਤਾਂ ਇੰਨਾ ਨੇ ਖਾਲਸਾ ਏਡ ਤੇ ਹੋਰ ਸਮਾਜ ਸੇਵਾ ਜਥੇਬੰਦੀਆਂ ਰਾਹੀਂ ਆਪਣੇ ਪੰਜਾਬੀ ਹੜ ਪੀੜਤਾ ਦੀ ਮੱਦਦ ਕੀਤੀ ਸੀ। ਤੁਹਾਡੇ ਕੋਲੋਂ ਦੂਰ ਰਹਿ ਕੇ ਵੀ ਤੁਹਾਡੀ ਚਿੰਤਾ ਕਰਦੇ ਹਨ। ਆਪਣੀ ਸ਼ਖਤ ਮਿਹਨਤ ਦੀ ਕਮਾਈ 'ਚੋ ਦਸਵੰਧ ਕੱਢ ਕੇ ਪੰਜਾਬ 'ਚ ਕਲੱਬਾਂ ਰਾਹੀਂ ਗਰੀਬ ਲੋਕਾਂ ਲਈ ਮਕਾਨ,ਗਰੀਬ ਬੱਚਿਆ ਲਈ ਸਿੱਖਿਆ, ਗਰੀਬ ਘਰਾਂ ਦੀਆਂ ਕੁੜੀਆਂ ਦੇ ਵਿਆਹ ਤੇ ਪਿੰਡਾਂ ਦੇ ਵਿਕਾਸ ਲਈ ਆਪਣਾ ਯੋਗਦਾਨ ਪਾਉਂਦੇ ਹਨ।

ਪਰ ਅਫ਼ਸੋਸ ਅਸੀਂ ਲਾਈਲੱਗ ਸੋਚ ਦੇ ਮਾਲਕ ਕੁਝ ਸੋਚੇ ਸਮਝੇ ਤੋਂ ਬਿਨਾ ਹੀ ਆਪਣੇ ਹਮਸਾਇਆ ਹਮਵਤਨਾਂ ਨੂੰ ਘਿਰਣਾ ਦਾ ਪਾਤਰ ਬਣਾ ਰਹੇ ਹਾਂ। ਹੋਰ ਸੂਬਿਆਂ ਵਿੱਚ ਵੀ ਕਰੋਨਾ ਵਾਇਰਸ ਹੈ ਉਹ ਤਾਂ NRI ਵੀਰਾ ਨੂੰ ਬੁਰਾ ਭਲਾ ਨਹੀਂ ਕਹਿੰਦੇ। ਸੋਚੋ ਤੇ ਸਮਝੋ! ਹਾਕਮਾਂ ਦੀ ਚਾਲ ਨੂੰ!